76 (Benches for students)
[Order of Commission]

Orders

ਦਫਤਰ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ, ਵਣ ਭਵਨ, ਦੂਜੀ ਮੰਜਿਲ, ਟਾਵਰ-4,
ਸੈਕਟਰ-68,ਐਸ.ਏ.ਐਸ.ਨਗਰ,ਮੁਹਾਲੀ ਫੋਨ ਨੰ:0172-2298093
**Email ID sepcrpunjab@gmail.com**

ਹਰੀ ਚੰਦ, ਐਡਵੋਕੇਟ ਪੁੱਤਰ ਸ੍ਰੀ ਲੇਟ ਸ੍ਰੀ ਸੁੰਦਰ ਦਾਸ,
ਵਾਸੀ ਮਕਾਨ ਨੰ: 2299, ਸੈਕਟਰ 44-ਸੀ, ਚੰਡੀਗੜ੍ਹ।

ਸ਼ਿਕਾਇਤਕਰਤਾ

ਬਨਾਮ

ਸਕੱਤਰ, ਪੰਜਾਬ ਸਰਕਾਰ,
ਸਕੂਲ ਸਿਖਿਆ ਵਿਭਾਗ ਅਤੇ ਹੋਰ

ਜਵਾਬਦੇਹ

ਸੀਸੀ-42/ਐਮ.ਐਚ.ਐਲ/2019

ਮਿਤੀ 09.05.2019

ਹੁਕਮ:

ਸ੍ਰੀ ਹਰੀ ਚੰਦ, ਐਡਵੋਕੇਟ ਵਲੋਂ ਆਪਣੇ ਵਕੀਲ ਸ੍ਰੀ ਜੇ.ਐਸ.ਰਾਣਾ ਰਾਹੀਂ ਕੰਮਪਲੇਂਟ ਨੰ: 42 ਮਿਤੀ 9.5.2019 Punjab State Commission for Protection of Child Right ਵਿੱਚ ਸ਼ਿਕਾਇਤ ਦਿੱਤੀ ਸੀ ਕਿ ਪੰਜਾਬ ਸਰਕਾਰ ਵਲੋਂ ਪ੍ਰਾਇਮਰੀ ਸਕੂਲਾਂ ਵਿੱਚ ਪੜਦੀਆਂ ਲੜਕੀਆਂ ਨੂੰ ਪੈਂਟ ਸ਼ਰਟ ਸਪਲਾਈ ਕੀਤੀ ਗਈ ਹੈ, ਜਿਸ ਲਾਲ ਬੱਚਿਆਂ ਨੂੰ ਫਲੋਰ ਮੈਟਸ ਤੇ ਬੈਠਣ ਵਿੱਚ ਦਿੱਕਤ ਆਉਂਦੀ ਹੈ ਅਤੇ ਬੱਚਿਆਂ ਨੂੰ ਮਿਡ ਡੇ ਮੀਲ ਲੈਂਦੇ ਸਮੇਂ ਫਰਸ਼/ਮੈਟ ਤੇ ਬੈਠਣ ਸਮੇਂ ਦਿਕਤ ਪੇਸ਼ ਆਉਂਦੀ ਹੈ। ਉਹਨਾਂ ਨੇ ਇਹ ਵੀ ਲਿਖਿਆ ਹੈ ਕਿ ਪ੍ਰਾਇਮਰੀ ਸਕੂਲਾਂ ਵਿੱਚ ਸਰਕਾਰ ਵਲੋਂ ਬੱਚਿਆਂ ਦੇ ਬੈਠਣ ਲਈ ਬੈਂਚ ਮੁਹੱਇਆ ਨਹੀਂ ਕਰਵਾਏ ਗਏ ਹਨ ਅਤੇ ਪ੍ਰਾਇਮਰੀ ਸਕੂਲ ਤੱਕ ਦੀਆਂ ਲੜਕੀਆਂ ਨੂੰ ਸਲਵਾਰ ਕਮੀਜ਼ ਅਤੇ ਦੁਪੱਟਾ ਪ੍ਰਦਾਨ ਕਰਵਾਇਆ ਜਾਣਾ ਬਣਦਾ ਹੈ।

ਅਖੀਰ ਵਿੱਚ ਬਿਨੈਕਾਰ ਵਲੋਂ ਅਪੀਲ ਕੀਤੀ ਗਈ ਹੈ ਕਿ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੂੰ ਬੈਂਚ/ਚੇਅਰ/ਟੇਬਲ ਮੁਹੱਈਆ ਕਰਵਾਏ ਜਾਣ ਅਤੇ ਲੜਕੀਆਂ ਲਈ ਸਲਵਾਰ ਕਮੀਜ਼ ਅਤੇ ਦੁਪੱਟਾਂ ਪ੍ਰਦਾਨ ਕਰਵਾਏ ਜਾਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਣ।

ਉਪਰੋਕਤ ਸ਼ਿਕਾਇਤ ਦੇ ਸਨਮੁੱਖ ਕਮਿਸ਼ਨ ਵਲੋਂ ਸਿੱਖਿਆਂ ਵਿਭਾਗ ਦੇ ਸਬੰਧਤ ਅਧਿਕਾਰੀਆਂ ਨੂੰ ਮੁਕੰਮਲ ਰਿਕਾਰਡ ਅਤੇ ਸ਼ਿਕਾਇਤਕਰਤਾ ਨੂੰ ਬੁਲਾ ਕੇ ਮਿਤੀ 19.6.2019 ਨੂੰ ਸੁਣਿਆ ਗਿਆ। ਸਿੱਖਿਆ ਵਿਭਾਗ ਦੇ ਅਧਿਕਾਰੀ ਸ੍ਰੀ ਸੁਸ਼ੀਲ ਨਾਥ, ਸਹਇਕ ਡਾਇਰੈਕਟਰ, ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA) ਵਲੋਂ ਬੇਨਤੀ ਕੀਤੀ ਗਈ ਕਿ ਇਸ ਕੇਸ ਵਿੱਚ ਜਵਾਬ ਦਾਇਰ ਕਰਲ ਲਈ ਹੋਰ ਸਮਾਂ ਦਿੱਤਾ ਜਾਵੇ।

ਮਿਤੀ 11.07.2019 ਨੂੰ ਸਿੱਖਿਆ ਵਿਭਾਗ ਦੇ ਅਧਿਕਾਰੀ ਸ੍ਰੀ ਸੁਸ਼ੀਲ ਨਾਥ, ਸਹਇਕ ਡਾਇਰੈਕਟਰ, ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA) ਵਲੋਂ ਲਿਖਤੀ ਜਵਾਬ ਪੇਸ਼ ਕੀਤਾ ਗਿਆ ਜਿਸ ਵਿੱਚ ਉਹਨਾਂ ਵਲੋਂ ਦੱਸਿਆ ਗਿਆ ਹੈ ਕਿ ਰਾਜ ਵਿੱਚ 19166 ਸਕੂਲ ਹਨ ਜਿਹਨਾਂ ਵਿੱਚੋਂ 12850 ਸਰਕਾਰੀ ਪ੍ਰਾਇਮਰੀ ਸਕੂਲ ਹਨ, ਇਹਨਾਂ ਵਿੱਚੋਂ 2600 ਦੇ ਲੱਗਭੱਗ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਪਹਿਲਾਂ ਹੀ ਸਮਾਰਟ ਸਕੂਲ ਦਾ ਦਰਜਾ ਪ੍ਰਾਪਤ ਹੈ, ਜਿਹਨਾਂ ਵਿੱਚ ਯੋਗ ਫਰਨੀਚਰ ਪਹਿਲਾਂ ਹੀ

Scanned by CamScanner

ਉਪਲਬਧ ਹੈ, ਬਾਕੀ ਰਹਿੰਦੇ ਸਕੂਲਾਂ ਵਿੱਚ ਮੁੱਢਲਾਂ ਢਾਂਚਾ ਜਿਸ ਵਿੱਚ ਨਵੀਆਂ ਬਿਲਡਿੰਗਾਂ, ਟਾਇਲੈਟਸ, ਪੀਣ ਵਾਲਾ ਪਾਣੀ ਅਤੇ ਫਰਨੀਚਰ ਆਦਿ ਪੜਾਅਵਾਰ ਪ੍ਰਦਾਨ ਕੀਤਾ ਜਾਵੇਗਾ। ਵਿੱਤੀ ਸਾਲ 2018-19 ਦੌਰਾਨ ਪ੍ਰਾਇਮਰੀ ਸਕੂਲਾਂ ਨੂੰ 37250 ਡੈਸਕ/ਬੈਂਚ/ਕੁਰਸੀ ਜੋ ਕਿ ਕੁੱਲ 1463 ਸਕੂਲਾਂ ਨੂੰ ਪ੍ਰਦਾਨ ਕਰਵਾਏ ਜਾ ਚੁੱਕੇ ਹਨ। ਵਿੱਤੀ ਸਾਲ 2019-20 ਦੌਰਾਨ 25000 ਡੈਸਕ ਦੀ ਖਰੀਦ ਦਾ ਆਡਰ ਦਿੱਤਾ ਜਾ ਚੁੱਕਾ ਹੈ, ਜੋ ਕਿ ਪ੍ਰਇਮਰੀ ਸਕੂਲਾਂ ਨੂੰ ਪਹਿਲ ਦੇ ਅਧਾਰ ਤੇ ਮੁਹੱਈਆ ਕਰਵਾਏ ਜਾਣਗੇ। ਉਹਨਾਂ ਵਲੋਂ ਆਪਣੇ ਲਿਖਤੀ ਜਵਾਬ ਵਿੱਚ ਇਹ ਦੱਸਿਆ ਗਿਆ ਹੈ ਕਿ ਪ੍ਰਾਇਮਰੀ ਸਕੂਲ ਤੱਕ ਦੀਆਂ ਲੜਕੀਆਂ ਨੂੰ ਪੈਂਟ ਸ਼ਰਟ ਬੱਚਿਆਂ ਦੇ ਮਾਪਿਆਂ ਅਤੇ ਟੀਚਰਜ਼ ਵਲੋਂ ਫੀਡ ਬੈਕ ਦੇਣ ਉਪਰੰਤ ਹੀ ਪ੍ਰਦਾਨ ਕਰਵਾਈ ਗਈ ਹੈ, ਇਸ ਸਬੰਧ ਵਿੱਚ ਉਸ ਇਲਾਕੇ ਦੇ ਕਿਸੇ ਵੀ ਮਾਪੇ ਜਾਂ ਸਮਾਜ ਵਲੋਂ ਅਜਿਹਾ ਨਾ ਕਰਨ ਸਬੰਧੀ ਕੋਈ ਸ਼ਿਕਾਇਤ ਜਾਂ ਸੁਝਾਓ ਪ੍ਰਾਪਤ ਨਹੀਂ ਹੋਇਆ ਹੈ।

ਦੋਨਾਂ ਧਿਰਾਂ ਨੂੰ ਸੁਣਨ ਉਪਰੰਤ ਕਮਿਸ਼ਨ ਇਸ ਨਤੀਜੇ ਤੇ ਪੁੱਜਾ ਹੈ ਕਿ ਵਿਭਾਗ ਵਲੋਂ, ਸਰਕਾਰੀ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਪੰਜਵੀ ਜਮਾਤ ਤੱਕ ਦੀਆਂ ਸਾਰੀਆਂ ਲੜਕੀਆਂ ਨੂੰ ਪੈਂਟ ਸ਼ਰਟ ਵਰਦੀਆਂ ਦੇਣ ਸਬੰਧੀ ਸ਼ਿਕਾਇਤਕਰਤਾ ਵਲੋਂ ਜਾਹਰ ਕੀਤੇ ਗਏ ਖਦਸ਼ੇ ਕਿ ਬੱਚਿਆਂ ਵਲੋਂ ਮਿਡ ਡੇ ਮੀਲ ਪ੍ਰਾਪਤ ਕਰਦੇ ਸਮੇਂ ਫਰਸ਼/ਦਰੀਆਂ ਤੇ ਬੈਠਣ ਸਮੇਂ ਅਸੁਵਿਧਾ ਪੇਸ਼ ਆਉਂਦੀ ਹੈ ਨੂੰ ਅਗਲੇ ਸਾਲ ਲੜਕੀਆਂ ਨੂੰ ਵਰਦੀਆਂ ਦੇਣ ਸਮੇਂ ਇਸ ਨੁਕਤੇ ਨੂੰ ਧਿਆਨ ਵਿੱਚ ਰੱਖ ਲਿਆ ਜਾਵੇ ਅਤੇ ਸਕੂਲੀ ਲੜਕੀਆਂ ਤੋਂ ਅਧਿਆਪਕਾਂ/ਸਕੂਲ ਮੁੱਖੀਆਂ ਰਾਹੀਂ ਫੀਡ ਬੈਕ ਪ੍ਰਾਪਤ ਕਰਨ ਉਪਰੰਤ ਹੀ ਵਰਦੀ ਦੇਣ ਸਬੰਧੀ ਉਹਨਾਂ ਦੀ ਰਾਇ ਅਨੁਸਾਰ ਹੀ ਫੈਸਲਾ ਕੀਤਾ ਜਾਵੇ।

ਇਸੇ ਤਰ੍ਹਾਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਬੱਚਿਆਂ ਦੇ ਬੈਠਣ ਲਈ ਡੈਸਕ/ਕੁਰਸੀ/ਟੇਬਲ ਪਹਿਲ ਦੇ ਅਧਾਰ ਤੇ ਪ੍ਰਦਾਨ ਕਰਵਾਉਣ ਲਈ ਯੋਜਨਾਬੰਦੀ ਕੀਤੀ ਜਾਵੇ ਤਾਂ ਜੋ ਰਾਜ ਦੇ ਸਮੂਹ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਡੈਸਕ/ਕੁਰਸੀ/ਟੇਬਲ ਸਮਾਂ ਬੱਧ ਤਰੀਕੇ ਨਾਲ ਪ੍ਰਦਾਨ ਕਰਵਾਏ ਜਾ ਸਕਣ।

ਮਿਤੀ: 9.8.19

ਤਜਿੰਦਰ ਕੌਰ (signature)
ਚੇਅਰਪਰਸਨ

ਪਿੱਠ ਅੰਕਣ ਡ.ਨੰ: 091/2019837-39 ਮਿਤੀ: 14.08.2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਸ੍ਰੀ ਸੁਸ਼ੀਲ ਨਾਥ, ਸਹਾਇਕ ਡਾਇਰੈਕਟਰ, ਸਮਗਰਾ ਸਿੱਖਿਆ ਅਭਿਆਨ ਅਥਾਰਟੀ (SAMAGRA), ਸਿੱਖਿਆ ਭਵਨ, ਫੇਜ-8, ਐਸ.ਏ.ਐਸ ਨਗਰ।
3. ਹਰੀ ਚੰਦ, ਐਡਵੋਕੇਟ ਪੁੱਤਰ ਸ੍ਰੀ ਲੇਟ ਸ੍ਰੀ ਸੁੰਦਰ ਦਾਸ, ਵਾਸੀ ਮਕਾਨ ਨੰ: 2299, ਸੈਕਟਰ 44-ਸੀ, ਚੰਡੀਗੜ੍ਹ।

ਤਜਿੰਦਰ ਕੌਰ (signature)
ਚੇਅਰਪਰਸਨ

Scanned by CamScanner